# ਮੂੰਹ ਦੀ ਸਰਜਰੀ ਲਈ ਐਨੀਸਥੀਸੀਆ



**ਜੇਕਰ ਤੁਹਾਨੂੰ ਮੂੰਹ ਦੀ ਸਰਜਰੀ ਕਰਵਾਉਣ ਦੀ ਲੋੜ ਹੈ, ਤਾਂ ਇਸ ਲਈ ਪਹਿਲਾਂ ਤੋਂ ਤਿਆਰੀ ਕਰਨੀ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰੇਗੀ ਕਿ ਅਨੁਭਵ ਚੰਗਾ ਹੋਵੇ।**

**ਇਹ ਕਿਤਾਬਚਾ ਹੇਠ ਲਿਖੀਆਂ ਗੱਲਾਂ ਕਰੇਗਾ:**

- ਤੁਹਾਨੂੰ ਮੂੰਹ ਦੀ ਸਰਜਰੀ ਲਈ ਐਨੀਸਥੀਸੀਆ (ਬੇਹੋਸ਼ ਜਾਂ ਸੁੰਨ ਕਰਨ) ਬਾਰੇ ਆਮ ਜਾਣਕਾਰੀ ਪ੍ਰਦਾਨ ਕਰੇਗਾ
- ਤੁਹਾਨੂੰ ਆਪਣੇ ਐਨੀਸਥੀਸੀਆ ਮਾਹਰ ਤੋਂ ਸਵਾਲ ਪੁੱਛਣ ਲਈ ਉਤਸ਼ਾਹਿਤ ਕਰੇਗਾ
- ਇਸ ਯੋਜਨਾਬੱਧ ਪ੍ਰਕਿਰਿਆ ਨੂੰ ਸਕਾਰਾਤਮਕ ਢੰਗ ਨਾਲ ਅਪਣਾਉਣ ਵਿੱਚ ਤੁਹਾਡੀ ਮੱਦਦ ਕਰੇਗਾ

**ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਤੁਹਾਨੂੰ ਆਪਣੇ ਮਾਹਰ ਜਾਂ ਸੰਬੰਧਿਤ ਸਿਹਤ ਪੇਸ਼ੇਵਰ ਤੋਂ ਪੁੱਛਣੇ ਚਾਹੀਦੇ ਹਨ।**

## ਸਰਜਰੀ ਦੀਆਂ ਕਿਸਮਾਂ

ਮੂੰਹ ਦੀ ਸਰਜਰੀ ਵਿੱਚ ਮੂੰਹ ਦੇ ਅੰਦਰ ਹੋਣ ਵਾਲੀਆਂ ਸਰਜਰੀਆਂ ਸ਼ਾਮਲ ਹੁੰਦੀਆਂ ਹਨ। ਇਨ੍ਹਾਂ ਵਿੱਚ ਹੇਠ ਲਿਖੀਆਂ ਸਰਜਰੀਆਂ ਸ਼ਾਮਲ ਹੁੰਦੀਆਂ ਹਨ:

- ਦੰਦ ਕੱਢਣਾ, ਜਾਂ ਤਾਂ ਆਰਥੋਡੌਂਟਿਕ ਕੰਮ ਲਈ, ਜ਼ਿਆਦਾ ਦੰਦਾਂ ਜਾਂ ਵਾਰ-ਵਾਰ ਹੋਣ ਵਾਲੇ ਇਨਫੈਕਸ਼ਨਾਂ ਦੇ ਕਾਰਨ
- ਉਹ ਦੰਦ ਜੋ ਅਜੇ ਤੱਕ ਬਾਹਰ ਨਹੀਂ ਨਿੱਕਲੇ, ਉਨ੍ਹਾਂ ਨੂੰ ਬਾਹਰ ਕੱਢਣਾ
- ਨਿੱਕਲ ਚੁੱਕੇ ਦੰਦਾਂ ਨੂੰ ਬਦਲਣ ਲਈ ਟਾਈਟੇਨੀਅਮ ਇੰਪਲਾਂਟ ਸਰਜਰੀ। ਦੰਦਾਂ ਵਿੱਚ ਇੰਪਲਾਂਟ ਕਰਨਾ ਇੱਕ ਟਾਈਟੇਨੀਅਮ ਫਿਕਸਚਰ ਹੁੰਦਾ ਹੈ, ਜੋ ਸਰਜਰੀ ਨਾਲ ਜਬਾੜੇ ਦੀ ਹੱਡੀ ਵਿੱਚ ਲਗਾਇਆ ਜਾਂਦਾ ਹੈ ਅਤੇ ਪੱਕੇ ਤੌਰ 'ਤੇ ਲਗਾਏ ਗਏ ਨਕਲੀ ਦੰਦਾਂ ਲਈ ਜੜ੍ਹ ਵਾਂਗ ਕੰਮ ਕਰਦਾ ਹੈ
- ਜਬਾੜੇ ਦੀ ਵੱਡੀ ਸਰਜਰੀ, ਜਿਸ ਵਿੱਚ ਉੱਪਰਲਾ ਜਬਾੜਾ, ਹੇਠਲਾ ਜਬਾੜਾ ਜਾਂ ਦੋਵੇਂ ਸ਼ਾਮਲ ਹੋ ਸਕਦੇ ਹਨ
- ਤੰਦੂਆਂ (ਟੰਗ ਟਾਈ)
- ਜੀਭ ਜਾਂ ਮੂੰਹ ਦੀ ਬਾਇਓਪਸੀ ਅਤੇ ਕੈਂਸਰ ਦੀ ਸਰਜਰੀ।

## ਤੁਸੀਂ ਸੁਰੱਖਿਅਤ ਹੱਥਾਂ ਵਿੱਚ ਹੋ

ਐਨੀਸਥੀਸੀਆ ਲੈਣ ਲਈ ਆਸਟ੍ਰੇਲੀਆ ਦੁਨੀਆ ਦੇ ਸਭ ਤੋਂ ਸੁਰੱਖਿਅਤ ਸਥਾਨਾਂ ਵਿੱਚੋਂ ਇੱਕ ਹੈ। ਆਸਟ੍ਰੇਲੀਆ ਦੇ ਐਨੀਸਥੇਟਿਸਟ ਜਾਂ ਐਨੀਸਥੀਸੀਆ ਮਾਹਰ ਉੱਚ ਸਿਖਲਾਈ ਪ੍ਰਾਪਤ ਮੈਡੀਕਲ ਮਾਹਰ ਹੁੰਦੇ ਹਨ। ਉਹਨਾਂ ਨੇ ਮੈਡੀਕਲ ਸਕੂਲ ਤੋਂ ਪੜ੍ਹਾਈ ਕੀਤੀ ਹੈ, ਇੰਟਰਨਸ਼ਿਪ ਪੂਰੀ ਕੀਤੀ ਹੈ ਅਤੇ ਘੱਟੋ-ਘੱਟ ਪੰਜ ਸਾਲਾਂ ਲਈ ਐਨੀਸਥੀਸੀਆ ਵਿੱਚ ਵਿਸ਼ੇਸ਼ ਸਿਖਲਾਈ ਹਾਸਲ ਕੀਤੀ ਹੈ। ਇਸ ਸਿਖਲਾਈ ਵਿੱਚ ਐਨੀਸਥੀਸੀਆ, ਦਰਦ ਪ੍ਰਬੰਧਨ, ਰੀਸਸਿਟੇਸ਼ਨ (ਹੋਸ਼ ਵਿੱਚ ਲਿਆਉਣਾ) ਅਤੇ ਮੈਡੀਕਲ ਐਮਰਜੈਂਸੀ ਨਾਲ ਨਜਿੱਠਣਾ ਸ਼ਾਮਲ ਹੁੰਦਾ ਹੈ।

## ਸਰਜਰੀ ਤੋਂ ਪਹਿਲਾਂ

ਤੁਹਾਡਾ ਐਨੀਸਥੀਸੀਆ ਮਾਹਰ ਤੁਹਾਡੇ ਡਾਕਟਰੀ ਇਤਿਹਾਸ ਬਾਰੇ ਜਾਣਨਾ ਚਾਹੇਗਾ। ਇਸ ਲਈ ਉਹ ਤੁਹਾਨੂੰ ਆਪਣੇ ਕਲੀਨਿਕ ਵਿੱਚ ਮਿਲ ਸਕਦੇ ਹਨ ਜਾਂ ਤੁਹਾਡੀ ਸਰਜਰੀ ਦੀ ਮਿਤੀ ਤੋਂ ਪਹਿਲਾਂ ਟੈਲੀਹੈਲਥ ਰਾਹੀਂ ਸਲਾਹ-ਮਸ਼ਵਰਾ ਕਰ ਸਕਦੇ ਹਨ। ਸਰਜਰੀ ਤੋਂ ਪਹਿਲਾਂ ਤੁਹਾਨੂੰ ਹੋਰ ਟੈਸਟ ਜਾਂ ਹੋਰ ਮੈਡੀਕਲ ਅਤੇ ਸਿਹਤ ਮਾਹਰਾਂ ਨਾਲ ਸਲਾਹ-ਮਸ਼ਵਰਾ ਕਰਨ ਦੀ ਲੋੜ ਪੈ ਸਕਦੀ ਹੈ। ਹਾਲਾਂਕਿ ਇਹ ਟੈਸਟ ਅਤੇ ਜਾਂਚਾਂ ਤੁਹਾਡੀ ਸਰਜਰੀ ਵਿੱਚ ਦੇਰੀ ਕਰ ਸਕਦੀਆਂ ਹਨ, ਪਰ ਸਰਜਰੀ ਤੋਂ ਪਹਿਲਾਂ ਤੁਹਾਡੀ ਸਿਹਤ ਦਾ ਸਭ ਤੋਂ ਵਧੀਆ ਹਾਲਤ ਵਿੱਚ ਹੋਣਾ, ਸਫ਼ਲ ਨਤੀਜੇ ਅਤੇ ਤੁਹਾਡੀ ਲੰਬੇ ਸਮੇਂ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ। ਕਈ ਵਾਰ ਤੁਹਾਡੀ ਸਲਾਹ-ਮਸ਼ਵਰੇ ਦੀ ਮਿਤੀ ਅਤੇ ਤੁਹਾਡੀ ਸਰਜਰੀ ਦੀ ਮਿਤੀ ਵਿਚਕਾਰ ਦੇਰੀ ਹੋ ਸਕਦੀ ਹੈ। ਜੇਕਰ ਤੁਹਾਨੂੰ ਇਸ ਸਮੇਂ ਦੌਰਾਨ ਕੋਈ ਨਵੀਂ ਮੈਡੀਕਲ ਸਮੱਸਿਆ ਹੋਵੇ ਤਾਂ ਤੁਸੀਂ ਇਸ ਬਾਰੇ ਆਪਣੇ ਐਨੀਸਥੀਸੀਆ ਮਾਹਰ ਨੂੰ ਲਾਜ਼ਮੀ ਦੱਸੋ।

## ਤੁਹਾਡੀਆਂ ਦਵਾਈਆਂ

ਜ਼ਿਆਦਾਤਰ ਦਵਾਈਆਂ ਸਰਜਰੀ ਤੱਕ ਜਾਰੀ ਰੱਖੀਆਂ ਜਾ ਸਕਦੀਆਂ ਹਨ। ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਅਤੇ ਸ਼ੂਗਰ ਦੀਆਂ ਦਵਾਈਆਂ ਲਈ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ ਅਤੇ ਤੁਹਾਨੂੰ ਇਨ੍ਹਾਂ ਬਾਰੇ ਖ਼ਾਸ ਹਿਦਾਇਤਾਂ ਦਿੱਤੀਆਂ ਜਾਣਗੀਆਂ। ਜੇਕਰ ਤੁਹਾਨੂੰ ਕੋਈ ਸੰਦੇਹ ਹੋਵੇ, ਤਾਂ ਆਪਣੇ ਸਰਜਨ ਜਾਂ ਆਪਣੇ ਐਨੀਸਥੀਸੀਆ ਮਾਹਰ ਤੋਂ ਪੁੱਛੋ।

## ਤਿਆਰੀ

ਆਪਣੀ ਸਰਜਰੀ ਤੋਂ ਪਹਿਲਾਂ, ਤੁਹਾਨੂੰ ਖ਼ਾਲੀ ਪੇਟ ਰਹਿਣ ਦੀ ਲੋੜ ਹੋਵੇਗੀ ਅਤੇ ਕੋਈ ਭੋਜਨ ਜਾਂ ਪਾਰਦਰਸ਼ੀ ਤਰਲ ਪਦਾਰਥ ਨਹੀਂ ਖਾਣੇ-ਪੀਣੇ ਹਨ। ਆਮ ਤੌਰ 'ਤੇ, ਸਰਜਰੀ ਤੋਂ ਛੇ ਘੰਟੇ ਪਹਿਲਾਂ ਭੋਜਨ ਨਹੀਂ ਖਾਣਾ ਹੁੰਦਾ ਅਤੇ ਦੋ ਘੰਟੇ ਪਹਿਲਾਂ ਤੱਕ ਕੋਈ ਵੀ ਪਾਰਦਰਸ਼ੀ ਤਰਲ ਪਦਾਰਥ ਨਹੀਂ ਪੀਣਾ ਹੁੰਦਾ ਹੈ, ਹਾਲਾਂਕਿ ਤੁਹਾਡਾ ਐਨੀਸਥੀਸੀਆ ਮਾਹਰ ਤੁਹਾਡੇ ਨਾਲ ਪ੍ਰਕਿਰਿਆ ਤੋਂ ਪਹਿਲਾਂ ਇਸ ਬਾਰੇ ਵਿਸਥਾਰ ਨਾਲ ਗੱਲ ਕਰੇਗਾ।

Australian Society of Anaesthetists®

## ਕੀ ਉਮੀਦ ਰੱਖਣੀ ਚਾਹੀਦੀ ਹੈ?

ਮੂੰਹ ਦੀ ਸਰਜਰੀ ਸੁੰਨ ਕਰਨ ਵਾਲੇ ਲੋਕਲ ਐਨੀਸਥੀਸੀਆ, ਨਾੜੀ ਰਾਹੀਂ ਬੇਹੋਸ਼ੀ ਦੀ ਦਵਾਈ ਦੇ ਕੇ ਜਾਂ ਜਨਰਲ ਐਨੀਸਥੀਸੀਆ ਨਾਲ ਕੀਤੀ ਜਾ ਸਕਦੀ ਹੈ। ਐਨੀਸਥੀਸੀਆ ਦੀ ਕਿਸਮ ਸਰਜਰੀ ਦੀ ਕਿਸਮ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ, ਪਰ ਇਹ ਐਨੀਸਥੀਸੀਆ ਮਾਹਰ ਜਾਂ ਮਰੀਜ਼ ਦੀ ਪਸੰਦ 'ਤੇ ਵੀ ਨਿਰਭਰ ਕਰਦੀ ਹੈ।

**ਲੋਕਲ ਐਨੀਸਥੀਸੀਆ:** ਤੁਹਾਨੂੰ ਸੁੰਨ ਕਰਨ ਲਈ ਸਰਜਰੀ ਵਾਲੀ ਥਾਂ 'ਤੇ ਲੋਕਲ ਐਨੀਸਥੀਸੀਆ ਦਵਾਈ ਦਾ ਟੀਕਾ ਲਗਾਇਆ ਜਾਂਦਾ ਹੈ। ਤੁਸੀਂ ਹੋਸ਼ ਵਿੱਚ ਹੋਵੋਗੇ ਪਰ ਕੋਈ ਦਰਦ ਮਹਿਸੂਸ ਨਹੀਂ ਕਰੋਗੇ।

**ਸੇਡੇਸ਼ਨ (ਨੀਂਦ ਆਉਣ ਜਾਂ ਸ਼ਾਂਤ ਕਰਨ ਵਾਲੀ ਦਵਾਈ):** ਇਸਨੂੰ ਕਈ ਵਾਰ "ਟਵਾਈਲਾਈਟ ਐਨੀਸਥੀਸੀਆ" ਵੀ ਕਿਹਾ ਜਾਂਦਾ ਹੈ ਅਤੇ ਇਹ ਤੁਹਾਨੂੰ ਆਰਾਮਦਾਇਕ ਅਤੇ ਨੀਂਦਰਾ ਬਣਾਉਣ ਲਈ ਨਾੜੀ ਰਾਹੀਂ ਦਿੱਤੀ ਜਾਂਦੀ ਹੈ। ਇਹ ਜਨਰਲ ਐਨੀਸਥੀਸੀਆ ਵਰਗੀ ਨਹੀਂ ਹੁੰਦੀ ਹੈ ਅਤੇ ਕਈ ਵਾਰ ਲੋਕ ਆਪ੍ਰੇਸ਼ਨ ਦੇ ਕੁੱਝ ਹਿੱਸੇ ਨੂੰ ਯਾਦ ਰੱਖਦੇ ਹਨ, ਖ਼ਾਸ ਕਰਕੇ ਗੱਲਬਾਤ ਨੂੰ। ਬੇਹੋਸ਼ੀ ਵਾਲੀ ਦਵਾਈ ਨੂੰ ਲੋਕਲ ਐਨੀਸਥੀਸੀਆ ਦੇ ਨਾਲ ਮਿਲਾ ਕੇ ਵੀ ਦਿੱਤਾ ਜਾ ਸਕਦਾ ਹੈ।

**ਜਨਰਲ ਐਨੀਸਥੀਸੀਆ:** ਜਨਰਲ ਐਨੀਸਥੀਸੀਆ ਉਹ ਹੁੰਦਾ ਹੈ ਜਿਸਨੂੰ ਲੋਕ ਆਮ ਤੌਰ 'ਤੇ "ਸੌਂ ਜਾਣਾ" ਕਹਿੰਦੇ ਹਨ। ਤੁਹਾਡਾ ਐਨੀਸਥੀਸੀਆ ਮਾਹਰ ਤੁਹਾਡੀ ਨਾੜੀ ਵਿੱਚ ਇੱਕ ਕੈਨੂਲਾ (ਸੂਈ) ਲਗਾਏਗਾ ਅਤੇ ਇਸ ਨਾਲ ਤਰਲ (ਡ੍ਰਿਪ/ਬੋਤਲ) ਲਗਾਵੇਗਾ। ਜਨਰਲ ਐਨੀਸਥੀਸੀਆ ਦੇਣ ਤੋਂ ਪਹਿਲਾਂ, ਤੁਹਾਨੂੰ ਆਮ ਤੌਰ 'ਤੇ ਮਾਸਕ ਰਾਹੀਂ ਆਕਸੀਜਨ ਸਾਹ ਰਾਹੀਂ ਲੈਣ ਲਈ ਕਿਹਾ ਜਾਵੇਗਾ। ਬੇਹੋਸ਼ੀ ਸ਼ੁਰੂ ਕਰਨ ਲਈ ਐਨੀਸਥੀਸੀਆ ਦੀਆਂ ਦਵਾਈਆਂ ਆਮ ਤੌਰ 'ਤੇ ਕੈਨੂਲਾ ਰਾਹੀਂ ਦਿੱਤੀਆਂ ਜਾਂਦੀਆਂ ਹਨ। ਜਦੋਂ ਤੁਸੀਂ ਪੂਰੀ ਤਰ੍ਹਾਂ "ਸੌਂ" ਜਾਂਦੇ ਹੋ ਤਾਂ ਸਰਜਰੀ ਦੌਰਾਨ ਤੁਹਾਨੂੰ ਸਾਹ ਲੈਣ ਵਿੱਚ ਮੱਦਦ ਕਰਨ ਲਈ ਤੁਹਾਡੀ ਸਾਹ ਵਾਲੀ ਨਾਲੀ ਵਿੱਚ ਇੱਕ ਸਾਹ ਲੈਣ ਵਾਲੀ ਟਿਊਬ ਲਗਾਈ ਜਾਂਦੀ ਹੈ।

ਤੁਹਾਡਾ ਐਨੀਸਥੀਸੀਆ ਮਾਹਰ ਪੂਰੀ ਸਰਜਰੀ ਦੌਰਾਨ ਤੁਹਾਨੂੰ "ਬੇਹੋਸ਼" ਰੱਖੇਗਾ ਅਤੇ ਤੁਹਾਡੀ ਨਿਗਰਾਨੀ ਕਰੇਗਾ। ਜਾਗਦੇ ਹੀ ਨੀਂਦ ਆਉਣਾ ਬਿਲਕੁਲ ਆਮ ਗੱਲ ਹੈ।

ਛੋਟੇ ਬੱਚਿਆਂ ਲਈ ਜਿਨ੍ਹਾਂ ਦੇ ਮੂੰਹ ਦੀ ਸਰਜਰੀ ਹੁੰਦੀ ਹੈ, ਇੱਕ ਮਾਪਾ ਆਪਣੇ ਬੱਚੇ ਦੇ ਨਾਲ ਉਦੋਂ ਤੱਕ ਰਹਿ ਸਕਦਾ ਹੈ ਜਦੋਂ ਤੱਕ ਉਹ "ਸੌਂ" ਨਹੀਂ ਜਾਂਦੇ ਹਨ। ਮਾਪੇ ਅਕਸਰ ਬੱਚੇ ਦੇ ਜਾਗਣ 'ਤੇ ਰਿਕਵਰੀ ਰੂਮ ਵਿੱਚ ਆ ਸਕਦੇ ਹਨ।

## ਸਰਜਰੀ ਤੋਂ ਬਾਅਦ

ਮੂੰਹ ਦੀ ਸਰਜਰੀ ਲਈ ਆਮ ਤੌਰ 'ਤੇ ਤੇਜ਼ ਦਰਦ ਘਟਾਉਣ ਵਾਲੀਆਂ ਦਵਾਈਆਂ ਦੀ ਲੋੜ ਨਹੀਂ ਪੈਂਦੀ ਹੈ, ਪਰ ਜੇਕਰ ਤੁਹਾਨੂੰ ਉਨ੍ਹਾਂ ਦੀ ਲੋੜ ਹੋਵੇ ਤਾਂ ਦਵਾਈਆਂ ਉਪਲਬਧ ਹੋਣਗੀਆਂ। ਜਦੋਂ ਤੁਸੀਂ ਆਪਣੇ ਐਨੀਸਥੀਸੀਆ ਮਾਹਿਰ ਨੂੰ ਮਿਲੋਗੇ ਤਾਂ ਤੁਹਾਡੇ ਨਾਲ ਦਰਦ ਤੋਂ ਰਾਹਤ ਬਾਰੇ ਚਰਚਾ ਕੀਤੀ ਜਾਵੇਗੀ।

ਜੇਕਰ ਤੁਹਾਨੂੰ ਸੇਡੇਸ਼ਨ ਜਾਂ ਜਨਰਲ ਐਨੀਸਥੀਸੀਆ ਦਿੱਤਾ ਗਿਆ ਸੀ, ਤਾਂ ਜਾਗਦੇ ਹੀ ਨੀਂਦ ਆਉਣਾ ਮਹਿਸੂਸ ਕਰਨਾ ਆਮ ਗੱਲ ਹੈ। ਤੁਹਾਨੂੰ ਕੁੱਝ ਬੇਅਰਾਮੀ, ਦਰਦ ਜਾਂ ਜੀ ਕੱਚਾ ਹੋਣਾ ਵੀ ਮਹਿਸੂਸ ਹੋ ਸਕਦਾ ਹੈ। ਇਨ੍ਹਾਂ ਨੂੰ ਠੀਕ ਕਰਨ ਲਈ ਅਕਸਰ ਤੁਹਾਨੂੰ ਨਿਯਮਤ ਤੌਰ 'ਤੇ ਦਵਾਈਆਂ ਦਿੱਤੀਆਂ ਜਾਣਗੀਆਂ। ਜੇਕਰ ਉਹ ਤੁਹਾਡੇ ਦਰਦ ਜਾਂ ਜੀ ਕੱਚਾ ਹੋਣ ਵਿੱਚ ਸੁਧਾਰ ਨਹੀਂ ਕਰ ਰਹੀਆਂ ਹਨ, ਤਾਂ ਕਿਰਪਾ ਕਰਕੇ ਆਪਣੀ ਨਰਸ ਤੋਂ ਹੋਰ ਦਵਾਈ ਮੰਗੋ। ਤੁਹਾਨੂੰ ਗਲਾ ਸੁੱਕਿਆ ਜਾਂ ਦਰਦ ਕਰਦਾ ਮਹਿਸੂਸ ਹੋ ਸਕਦਾ ਹੈ ਜਾਂ ਸਿਰਦਰਦ ਹੋ ਸਕਦਾ ਹੈ। ਹਾਲਾਂਕਿ, ਇਹ ਆਮ ਤੌਰ 'ਤੇ 1-2 ਦਿਨਾਂ ਵਿੱਚ ਠੀਕ ਹੋ ਜਾਂਦਾ ਹੈ। ਆਮ ਤੌਰ 'ਤੇ, ਤੁਸੀਂ ਆਪਣੀ ਸਰਜਰੀ ਵਾਲੇ ਦਿਨ ਹੀ ਘਰ ਜਾਣ ਦੀ ਉਮੀਦ ਕਰ ਸਕਦੇ ਹੋ। ਕਿਰਪਾ ਕਰਕੇ ਸਰਜਰੀ ਕਰਵਾਉਣ ਤੋਂ ਪਹਿਲਾਂ ਆਪਣੇ ਸਰਜਨ ਅਤੇ/ਜਾਂ ਐਨੀਸਥੀਸੀਆ ਮਾਹਰ ਨਾਲ ਇਸ ਗੱਲ ਦੀ ਪੁਸ਼ਟੀ ਕਰੋ। ਹਾਲਾਂਕਿ ਕੁੱਝ ਮੂੰਹ ਦੀਆਂ ਸਰਜਰੀਆਂ, ਜਿਵੇਂ ਜਬਾੜੇ ਦੀ ਵੱਡੀ ਸਰਜਰੀ ਲਈ ਅਕਸਰ ਇੱਕ ਜਾਂ ਦੋ ਰਾਤਾਂ ਹਸਪਤਾਲ ਵਿੱਚ ਰਹਿਣ ਦੀ ਲੋੜ ਪੈ ਸਕਦੀ ਹੈ।

ਜੇਕਰ ਤੁਹਾਨੂੰ ਸੇਡੇਸ਼ਨ (ਬੇਹੋਸ਼ੀ ਦੀ ਦਵਾਈ) ਜਾਂ ਜਨਰਲ ਐਨੀਸਥੀਸੀਆ ਦਿੱਤਾ ਗਿਆ ਸੀ ਅਤੇ ਤੁਸੀਂ ਸਰਜਰੀ ਵਾਲੇ ਦਿਨ ਹੀ ਘਰ ਵਾਪਸ ਜਾ ਰਹੇ ਹੋ, ਤਾਂ ਸਰਜਰੀ ਤੋਂ ਬਾਅਦ ਅਗਲੇ 24 ਘੰਟਿਆਂ ਲਈ ਤੁਹਾਡੇ ਨਾਲ ਕਿਸੇ ਬਾਲਗ ਵਿਅਕਤੀ ਦਾ ਹੋਣਾ ਲਾਜ਼ਮੀ ਹੈ। ਸੁਰੱਖਿਆ ਕਾਰਨਾਂ ਕਰਕੇ ਇਹ ਜ਼ਰੂਰੀ ਹੈ ਕਿ ਤੁਸੀਂ ਐਨੀਸਥੀਸੀਆ ਲੈਣ ਤੋਂ ਬਾਅਦ 24 ਘੰਟਿਆਂ ਤੱਕ ਤੁਸੀਂ ਹੇਠ ਲਿਖੀਆਂ ਗੱਲਾਂ ਤੋਂ ਗੁਰੇਜ਼ ਕਰੋ: ਸ਼ਰਾਬ ਪੀਣਾ, ਕਾਰ ਚਲਾਉਣਾ, ਮਸ਼ੀਨਰੀ ਚਲਾਉਣਾ।

## ਉਹ ਜ਼ੋਖਮ, ਜਿਨ੍ਹਾਂ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ

ਜਦੋਂ ਮੂੰਹ ਦੀ ਸਰਜਰੀ ਲਈ ਐਨੀਸਥੀਸੀਆ ਕਿਸੇ ਐਨੀਸਥੀਸੀਆ ਮਾਹਰ ਵੱਲੋਂ ਦਿੱਤਾ ਜਾਂਦਾ ਹੈ, ਤਾਂ ਵੱਡੀਆਂ ਪੇਚੀਦਗੀਆਂ ਦਾ ਹੋਣਾ ਬਹੁਤ ਹੀ ਘੱਟ ਹੁੰਦੀਆਂ ਹਨ।

ਸੇਡੇਸ਼ਨ ਜਾਂ ਜਨਰਲ ਐਨੀਸਥੀਸੀਆ ਤੋਂ ਤੁਹਾਨੂੰ ਬਾਅਦ ਵਿੱਚ ਵੀ ਨੀਂਦਰਾ ਮਹਿਸੂਸ ਕਰਵਾ ਸਕਦਾ ਹੈ। ਜੀ ਕੱਚਾ ਹੋਣਾ ਅਤੇ ਉਲਟੀ ਆਉਣਾ ਆਮ ਗੱਲ ਹੈ ਅਤੇ ਜੀ ਕੱਚਾ ਹੋਣਾ ਘਟਾਉਣ ਵਾਲੀਆਂ ਦਵਾਈਆਂ ਉਪਲਬਧ ਹੋਣਗੀਆਂ। ਹੋਰ ਥੋੜ੍ਹੇ ਸਮੇਂ ਦੇ ਮਾੜੇ ਪ੍ਰਭਾਵਾਂ ਵਿੱਚ ਨੀਲ ਪੈ ਜਾਣਾ, ਥਕਾਵਟ, ਸਿਰਦਰਦ, ਗਲੇ ਵਿੱਚ ਦਰਦ ਜਾਂ ਨੀਂਦ ਆਉਣ ਵਿੱਚ ਸਮੱਸਿਆਵਾਂ ਸ਼ਾਮਲ ਹੋ ਸਕਦੀਆਂ ਹਨ। ਤੁਹਾਨੂੰ ਹੋਰ ਪੇਚੀਦਗੀਆਂ ਵੀ ਹੋ ਸਕਦੀਆਂ ਹਨ ਜਿਵੇਂ ਦੰਦਾਂ ਨੂੰ ਨੁਕਸਾਨ, ਸਾਹ ਲੈਣ ਵਿੱਚ ਸਮੱਸਿਆਵਾਂ ਜਾਂ ਮਾਸਪੇਸ਼ੀਆਂ ਵਿੱਚ ਦਰਦ।

ਹਾਲਾਂਕਿ ਬਹੁਤ ਹੀ ਦੁਰਲੱਭ ਮਾਮਲਿਆਂ ਵਿੱਚ, ਗੰਭੀਰ ਮਾੜੇ ਪ੍ਰਭਾਵ ਵੀ ਹੋ ਸਕਦੇ ਹਨ ਜਿਵੇਂ ਕਿ ਗੰਭੀਰ ਐਲਰਜੀ ਪ੍ਰਤੀਕਿਰਿਆ, ਦਿਲ ਦਾ ਦੌਰਾ, ਸਟ੍ਰੋਕ, ਦੌਰਾ ਪੈਣਾ, ਫੇਫੜਿਆਂ ਨੂੰ ਨੁਕਸਾਨ, ਨਮੂਨੀਆ, ਅੱਖਾਂ ਨੂੰ ਨੁਕਸਾਨ, ਆਵਾਜ਼ ਵਾਲੀਆਂ ਨਾਲੀਆਂ ਨੂੰ ਨੁਕਸਾਨ ਜਾਂ ਇੰਫੈਕਸ਼ਨ। ਯਾਦ ਰੱਖੋ ਕਿ ਮੌਤ ਸਮੇਤ ਇਨ੍ਹਾਂ ਵਧੇਰੇ ਗੰਭੀਰ ਪੇਚੀਦਗੀਆਂ ਦੇ ਹੋਣ ਦੇ ਜ਼ੋਖਮ ਬਹੁਤ ਹੀ ਘੱਟ ਹੁੰਦੇ ਹਨ।

ਤੁਹਾਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਤੁਸੀਂ ਆਪਣੇ ਐਨੀਸਥੀਸੀਆ ਮਾਹਰ ਤੋਂ ਕੋਈ ਵੀ ਪ੍ਰਸ਼ਨ ਪੁੱਛੋ ਜੋ ਤੁਹਾਡੇ ਮਨ ਵਿੱਚ ਹੋਣ। ਉਹ ਉਨ੍ਹਾਂ ਦੇ ਜਵਾਬ ਦੇਣ, ਅਤੇ ਤੁਹਾਡੇ ਲਈ ਅਤੇ ਤੁਹਾਡੀ ਸਰਜਰੀ ਲਈ ਸਭ ਤੋਂ ਵਧੀਆ ਅਤੇ ਸੁਰੱਖਿਅਤ ਯੋਜਨਾ ਬਾਰੇ ਗੱਲਬਾਤ ਕਰਨ ਵਿੱਚ ਖੁਸ਼ੀ ਮਹਿਸੂਸ ਕਰਨਗੇ।

ਇਹ ਕਿਤਾਬਚਾ ਮੂੰਹ ਦੀ ਸਰਜਰੀ ਲਈ ਐਨੀਸਥੀਸੀਆ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਤੁਹਾਡੀ ਨਿੱਜੀ ਇਲਾਜ ਯੋਜਨਾ ਬਾਰੇ ਤੁਹਾਡੇ ਮਾਹਰ ਵੱਲੋਂ ਦਿੱਤੀ ਗਈ ਸਲਾਹ ਦਾ ਬਦਲ ਨਹੀਂ ਹੈ। ਇਹ ਯਕੀਨੀ ਬਣਾਉਣ ਲਈ ਹਰ ਯਤਨ ਕੀਤਾ ਗਿਆ ਹੈ ਕਿ ਦਿੱਤੀ ਗਈ ਜਾਣਕਾਰੀ ਸਹੀ ਅਤੇ ਤਾਜ਼ਾ ਹੋਵੇ। ਹਾਲਾਂਕਿ, ਅਸੀਂ ਦਿੱਤੀ ਗਈ ਜਾਣਕਾਰੀ ਦੀ ਸ਼ੁੱਧਤਾ ਜਾਂ ਸੰਪੂਰਨਤਾ ਦੀ ਕੋਈ ਗਾਰੰਟੀ ਜਾਂ ਵਾਰੰਟੀ ਨਹੀਂ ਦਿੰਦੇ ਹਾਂ। ਕਲੀਨਿਕਲ ਖੋਜ ਅਤੇ ਗਿਆਨ ਵਿੱਚ ਤਰੱਕੀ ਦੇ ਕਾਰਨ ਇਹ ਜਾਣਕਾਰੀ ਸਮੇਂ ਦੇ ਨਾਲ ਬਦਲ ਸਕਦੀ ਹੈ। ਇਸ ਕਿਤਾਬਚੇ ਦੀ ਵਰਤੋਂ ਸਿਰਫ਼ ਆਪਣੇ ਮਾਹਰ ਨਾਲ ਸਲਾਹ-ਮਸ਼ਵਰਾ ਕਰਕੇ ਹੀ ਕਰੋ। ਅਸੀਂ ਤਰਜੀਹ ਦਿੰਦੇ ਹਾਂ ਸਾਡੇ ਮੈਂਬਰ ਸਾਡੀ ਸਮੱਗਰੀ ਨੂੰ ਆਪਣੀ ਵੈੱਬਸਾਈਟ 'ਤੇ ਛਾਪਣ ਜਾਂ ਦੁਬਾਰਾ ਪ੍ਰਕਾਸ਼ਿਤ ਕਰਨ ਦੀ ਬਜਾਏ ਸਾਡੀ ਵੈੱਬਸਾਈਟ ਨਾਲ ਲਿੰਕ ਕਰਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਕੋਲ ਸਭ ਤੋਂ ਤਾਜ਼ਾ ਜਾਣਕਾਰੀ ਪਹੁੰਚ ਹੋਵੇ। ਇਸਦੇ ਨਵੀਨਤਮ ਸੰਸਕਰਣ ਲਈ, ਕਿਰਪਾ ਕਰਕੇ ASA ਵੈੱਬਸਾਈਟ 'ਤੇ ਜਾਓ। ਆਖਰੀ ਸਮੀਖਿਆ 12/03/24 ਨੂੰ ਕੀਤੀ ਗਈ ਸੀ।

© ਆਸਟ੍ਰੇਲੀਅਨ ਸੋਸਾਇਟੀ ਆਫ਼ ਐਨੇਸਥੀਟਿਸਟਸ ਲਿਮਿਟਿਡ (ASA)।
ਇਸ ਕਿਤਾਬਚੇ ਦਾ ਸਾਰਾ ਜਾਂ ਕੁੱਝ ਹਿੱਸਾ ASA ਤੋਂ ਲਿਖਤੀ ਆਗਿਆ ਲਏ ਬਗ਼ੈਰ ਵਪਾਰਕ ਉਦੇਸ਼ਾਂ ਲਈ ਵਰਤਿਆ, ਬਦਲਿਆ, ਦੁਬਾਰਾ ਤਿਆਰ ਜਾਂ ਵੰਡਿਆ ਨਹੀਂ ਜਾ ਸਕਦਾ ਹੈ।

Australian Society of Anaesthetists®
PO Box 76, St Leonards, NSW 1590, Australia
1800 806 654 | asa@asa.org.au | ABN 16 095 377 370 | asa.org.au